# Office of Deputy Commissioner Fazilka
## ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ
## (ਫੁੱਟਕਲ ਸ਼ਾਖਾ)

ਹੁਕਮ :-

ਸਰਕਾਰ ਵੱਲੋਂ ਆਮ ਜਨਤਾ ਨੂੰ ਮਹਾਂਮਾਰੀ ਤੋਂ ਬਚਾਉਣ ਲਈ ਸਾਵਧਾਨੀ ਵਰਤਦੇ ਹੋਏ ਰਾਜ ਵਿਚ ਤਾਲਾ-ਬੰਦੀ ਦੇ ਨਾਲ-2 ਕਰਫਿਊ ਵੀ ਜਾਰੀ ਰੱਖਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਵਿਚ ਜ਼ਿਲ੍ਹਾ ਫਾਜ਼ਿਲਕਾ ਵਿਚ ਵੀ ਤਾਲਾ-ਬੰਦੀ ਅਤੇ ਕਰਫਿਊ ਮਿਤੀ 14-04-2020 ਤੱਕ ਵਧਾਇਆ ਗਿਆ ਹੈ ਤਾਂ ਜੋ ਆਮ ਜਨਤਾ ਨੂੰ ਇਸ ਮਹਾਂਮਾਰੀ ਤੋਂ ਬਚਾਇਆ ਜਾ ਸਕੇ।

ਜ਼ਿਲ੍ਹਾ ਫਾਜ਼ਿਲਕਾ ਵਿਚ ਆਮ ਜਨਤਾ ਨੂੰ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਜਰੂਰੀ ਸੇਵਾਵਾਂ ਘਰ-2 ਮੁਹੱਈਆਂ ਕਰਵਾਉਣ ਲਈ ਇਸ ਦਫਤਰ ਦੇ ਪੱਤਰ ਨੰ.5646-58/ਐਮ.ਸੀ-3/ਐਮ.ਏ/ਮਿਤੀ 31-03-2020 ਰਾਹੀਂ ਹੁਕਮ ਸਾਦਰ ਕੀਤਾ ਗਿਆ ਸੀ, ਫੇਰ ਪੱਤਰ ਨੰ.5845-60/ਐਮ.ਸੀ-3/ਐਮ.ਏ/ਮਿਤੀ 03-04-2020 ਰਾਹੀਂ ਸਬਜੀ/ਫੱਲ ਦੀ ਵਿੱਕਰੀ/ਸਟੋਰੇਜ਼, ਕਰਿਆਣੇ ਦੀ ਸਪਲਾਈ, ਬੈਂਕ ਅਤੇ ਏ.ਟੀ.ਐਮਜ ਅਤੇ ਡਾਕ-ਘਰ ਰਾਹੀਂ ਦਿਨ੍ਹਾਂ ਅਤੇ ਸਮੇਂ ਵਿਚ ਤਬਦੀਲੀ ਕੀਤੀ ਗਈ ਸੀ। ਇਹ ਆਦੇਸ਼ ਪਹਿਲਾਂ ਦੀ ਤਰ੍ਹਾਂ ਲਾਗੂ ਰਹਿਣਗੇ ਅਤੇ ਇਸ ਤੋਂ ਇਲਾਵਾ ਜਰੂਰੀ ਵਸਤਾਂ ਦੀ ਵੰਡ ਸਬੰਧੀ ਪਹਿਲਾਂ ਪਾਸ ਕੀਤੇ ਗਏ ਹੁਕਮਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ :-

ਸਬਜੀ/ਫੱਲ ਦੀ ਵਿੱਕਰੀ/ਸਟੋਰੇਜ :- ਸਬਜੀ/ਫੱਲ ਦੀ ਵਿੱਕਰੀ ਹਫਤੇ ਵਿਚ ਸੋਮਵਾਰ, ਬੁੱਧਵਾਰ, ਸ਼ੁਕਰਵਾਰ ਸਵੇਰੇ 07-00 ਵਜੇ ਤੋਂ ਦੁਪਿਹਰ 12-00 ਵਜੇ ਤੱਕ ਕੀਤੀ ਗਈ ਸੀ, ਪਰ ਹੁਣ ਸਬਜੀ/ਫੱਲ ਦੀ ਵਿੱਕਰੀ ਹਰ ਰੋਜ਼ ਸਵੇਰੇ 07:00 ਵਜੇ ਤੋਂ ਦੁਪਿਹਰ 12:00 ਵਜੇ ਤੱਕ ਆਮ ਜਨਤਾ ਨੂੰ ਘਰ-2 ਜਾ ਕੇ ਕੀਤੀ ਜਾਵੇਗੀ ਅਤੇ ਸਟੋਰੇਜ਼ ਵੀ ਇਸੇ ਸਮੇਂ ਕੀਤੀ ਜਾਇਆ ਕਰੇਗੀ। ਐਤਵਾਰ ਨੂੰ ਸਬਜ਼ੀ/ਫੱਲ ਦੀ ਸਬਜੀ ਮੰਡੀ ਵਿਚ ਵਿੱਕਰੀ/ਸਟੋਰੇਜ਼ ਨਹੀਂ ਕੀਤੀ ਜਾਵੇਗੀ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਾਰਰ ਰਹਿਣਗੀਆਂ। ਸਕੱਤਰ ਮਾਰਕੀਟ ਕਮੇਟੀ ਇਹ ਕਾਰਵਾਈ ਯਕੀਨੀ ਬਨਾਉਣਗੇ।

ਕਰਿਆਣੇ ਦੀ ਵਿੱਕਰੀ :- ਕਰਿਆਣੇ ਦੀ ਵਿੱਕਰੀ ਹਫਤੇ ਵਿਚ ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਸਵੇਰੇ 10-00 ਵਜੇ ਤੋਂ ਸ਼ਾਮ 06-00 ਵਜੇ ਤੱਕ ਕੀਤੀ ਗਈ ਸੀ, ਪਰ ਹੁਣ ਕਰਿਆਣੇ ਦੀ ਵਿੱਕਰੀ ਹਰ ਰੋਜ਼ ਦੁਪਿਹਰ 12:00 ਵਜੇ ਤੋਂ ਸ਼ਾਮ 06:00 ਵਜੇ ਤੱਕ ਆਮ ਜਨਤਾ ਨੂੰ ਘਰ-2 ਜਾ ਕੇ ਕੀਤੀ ਜਾਵੇਗੀ। ਐਤਵਾਰ ਨੂੰ ਕਰਿਆਣੇ ਦੀ ਵਿੱਕਰੀ ਨਹੀਂ ਕੀਤੀ ਜਾਵੇਗੀ ਅਤੇ ਸਾਰੀਆਂ ਦੁਕਾਨਾਂ ਮੁਕੰਮਲ ਬੰਦ ਰਹਿਣਗੀਆਂ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਾਰਰ ਰਹਿਣਗੀਆਂ। ਡੀ.ਐਫ.ਐਸ.ਸੀ. ਇਹ ਕਾਰਵਾਈ ਯਕੀਨੀ ਬਨਾਉਣਗੇ।

ਗੈਸ ਦੀ ਸਪਲਾਈ :- ਗੈਸ ਦੀ ਸਪਲਾਈ, ਗੈਸ ਏਜੰਸੀਆ ਵੱਲੋਂ ਹਰ ਰੋਜ਼ ਸਵੇਰੇ 10:00 ਵਜੇ ਤੋਂ ਸ਼ਾਮ 06:00 ਵਜੇ ਤੱਕ ਕੀਤੀ ਗਈ ਸੀ, ਪਰ ਹੁਣ ਗੈਸ ਦੀ ਸਪਲਾਈ ਹਫਤੇ ਵਿਚ ਸੋਮਵਾਰ, ਮੰਗਲਵਾਰ, ਵੀਰਵਾਰ, ਸ਼ੁਕਰਵਾਰ ਅਤੇ ਸ਼ਨੀਵਾਰ ਸਵੇਰੇ 10-00 ਵਜੇ ਤੋਂ ਸ਼ਾਮ 06-00 ਵਜੇ ਤੱਕ ਕੀਤੀ ਜਾਵੇਗੀ। ਐਤਵਾਰ ਅਤੇ ਬੁੱਧਵਾਰ ਨੂੰ ਗੈਸ ਦੀ ਸਪਲਾਈ ਨਹੀਂ ਕੀਤੀ ਜਾਵੇਗੀ ਅਤੇ ਸਾਰੀਆਂ ਗੈਸ ਏਜੰਸੀਆਂ ਬੰਦ ਰਹਿਣਗੀਆਂ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਾਰਰ ਰਹਿਣਗੀਆਂ। ਡੀ.ਐਫ.ਐਸ.ਸੀ.ਫਾਜ਼ਿਲਕਾ ਇਹ ਕਾਰਵਾਈ ਯਕੀਨੀ ਬਨਾਉਣਗੇ।

ਇਹ ਹੁਕਮ ਅੱਜ ਮਿਤੀ 04-04-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

Office of the Distt. Magistrate FAZILKA

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

Scanned with CamScanner

# Office of Deputy Commissioner Fazilka

## ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ

## (ਫੁੱਟਕਲ ਸ਼ਾਖਾ)

ਪਿੱਠ ਅੰਕਣ ਨੰ. 6081-98 /ਐਮ.ਸੀ-3/ਐਮ.ਏ/ਮਿਤੀ 04-04-2020

ਇਸ ਦਾ ਇੱਕ ਉਤਾਰਾ

1. ਮੁੱਖ ਸਕੱਤਰ, ਪੰਜਾਬ ਸਰਕਾਰ , ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ,ਸਿਹਤ ਅਤੇ ਪਰਿਵਾਰ, ਵਿਭਾਗ ਪੰਜਾਬ ਚੰਡੀਗੜ੍ਹ।
3. ਪ੍ਰਮੁੱਖ ਸਕੱਤਰ,ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ,ਪੰਜਾਬ ਚੰਡੀਗੜ੍ਹ।
4. ਕਮਿਸ਼ਨਰ, ਫਿਰੋਜਪੁਰ ਮੰਡਲ ਫਿਰੋਜਪੁਰ।
5. ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ।
6. ਵਧੀਕ ਡਿਪਟੀ ਕਮਿਸ਼ਨਰ (ਜਨ)/(ਵਿਕਾਸ) ਫਾਜ਼ਿਲਕਾ।
7. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜ਼ਿਲਕਾ।
8. ਸਮੂਹ ਸਕੱਤਰ ਮਾਰਕੀਟ ਕਮੇਟੀ, ਫਾਜ਼ਿਲਕਾ।
9. ਪ੍ਰਧਾਨ ਗੈਸ ਏਜੰਸੀ ਐਸੋਸੀਏਸ਼ਨ/ਪ੍ਰਧਾਨ ਸਬਜੀ/ਫੱਲ ਵਿਕਰੇਤਾ ਐਸੋਸੀਏਸ਼ਨ/ਪ੍ਰਧਾਨ ਕਰਿਆਣਾ ਐਸੋਸੀਏਸ਼ਨ ਜ਼ਿਲ੍ਹਾ ਫਾਜ਼ਿਲਕਾ।
10. ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Office of the Distt. Magistrate FAZILKA

ਵਾ: ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScanner